# 14
# ਭਲਾ ਕਲੀਸੀਆ ਹੀ ਮਸੀਹ ਦਾ ਰਾਜ ਹੈ?

ਨਵੇਂ ਨੇਮ ਦੇ ਲਗਭਗ 48 ਫ਼ੀਸਦੀ ਹਿੱਸੇ ਵਿਚ ਯਿਸੂ ਦੇ ਜੀਵਨ ਦੀ ਚਰਚਾ ਹੈ ਅਤੇ ਬਾਕੀ 52 ਫ਼ੀਸਦੀ ਭਾਗ ਵਿਚ ਯਿਸੂ ਦੇ ਜੀਵਨ ਤੋਂ ਬਣੀ ਕਲੀਸੀਆ ਦੀ ਚਰਚਾ ਹੈ। ਆਪਣੀ ਸੇਵਕਾਈ ਦੌਰਾਨ, ਯਿਸੂ ਨੇ ਬਾਰ-ਬਾਰ ਸਵਰਗ ਦੇ ਰਾਜ ਦੀ ਗੱਲ ਕੀਤੀ ਸੀ (ਉਦਾਹਰਣ ਲਈ, ਵੇਖੋ ਮੱਤੀ 4:17)। ਉਹਨੇ ਕਲੀਸੀਆ ਬਨਾਉਣ ਦੇ ਦਿਨ ਦੇ ਨਾਲ-ਨਾਲ ਉਸ ਦਿਨ ਵੱਲ ਵੀ ਇਸ਼ਾਰਾ ਕੀਤਾ ਜਦ ਸਵਰਗ ਦਾ ਰਾਜ ਕਾਇਮ ਹੋਣਾ ਸੀ। ਭਲਾ ਉਹ ਦੋ ਵੱਖ-ਵੱਖ ਰਾਜਾਂ ਭਾਵ ਹਕੂਮਤਾਂ ਦੀ ਗੱਲ ਕਰ ਰਿਹਾ ਸੀ, ਜਾਂ ਇੱਕੋ ਹਕੂਮਤ ਦੀ ਦੋ ਪੱਖਾਂ ਤੋਂ ਗੱਲ ਕਰ ਰਿਹਾ ਸੀ?

## ਨਬੂਵਤ ਵਿਚ ਕਲੀਸੀਆ

ਯਸਾਯਾਹ 2:2-4 ''ਯਹੋਵਾਹ ਦੇ ਭਵਨ ਦੇ ਪਰਬਤ'' ਦੀ ਗੱਲ ਕਰਦਾ ਹੈ। ਇਹ ਨਬੂਵਤ ਵਿਚ ਕਲੀਸੀਆ ਦੀ ਤਸਵੀਰ ਹੈ। ਕਲੀਸੀਆ ਦੀ ਹੋਂਦ ਯਸਾਯਾਹ ਦੇ ਸਮੇਂ ਨਹੀਂ ਹੋ ਸਕਦੀ ਸੀ। ਉਹਦੀ ਨਬੂਵਤ ਅਨੁਸਾਰ, ਯਹੋਵਾਹ ਦਾ ਭਵਨ ''ਅੰਤ ਦੇ ਦਿਨਾ ਵਿਚ'' ਬਣਨਾ ਸੀ ਅਤੇ ਸਭ ਕੌਮਾਂ ਨੇ ਇਸ ਵਿਚ ਆਉਣਾ ਸੀ। ਖ਼ੁਦਾ ਦਾ ਭਵਨ ਭਾਵ ਘਰ ਕਲੀਸੀਆ ਹੀ ਹੈ (1 ਤਿਮੋਥਿਉਸ 3:15)।

ਯਿਸੂ ਨੇ ਕਿਹਾ, ''ਮੈਂ ... ਆਪਣੀ ਕਲੀਸੀਆ ਬਣਾਵਾਂਗਾ'' (ਮੱਤੀ 16:18)। ਇਸ ਤੋਂ ਇਹ ਪਤਾ ਲਗਦਾ ਹੈ ਕਿ ਕਲੀਸੀਆ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਸਮੇਂ ਨਹੀਂ ਬਣੀ ਸੀ ਅਤੇ ਯਿਸੂ ਵੱਲੋਂ ਇਹ ਸ਼ਬਦ ਕਹਿਣ ਵੇਲੇ ਵੀ ਇਹ ਨਹੀਂ ਸੀ। ਮੱਤੀ 18:17 ਫੇਰ ਕਲੀਸੀਆ ਦਾ ਜ਼ਿਕਰ ਕਰਦਾ ਹੈ। ਬੇਸ਼ੱਕ, ਕਲੀਸੀਆ ਲਈ ਯਿਸੂ ਦੀਆਂ ਹਦਾਇਤਾਂ ਇਹਦੇ ਵਜੂਦ ਵਿਚ ਆਉਣ ਦੇ ਬਾਅਦ ਲਈ ਸਨ।

ਨਵੇਂ ਨੇਮ ਦੀ ਕਲੀਸੀਆ ਉਦੋਂ ਤਕ ਨਹੀਂ ਆ ਸਕਦੀ ਸੀ ਜਦ ਤਕ ਨਵਾਂ ਨੇਮ ਨਹੀਂ ਮਿਲਿਆ ਅਤੇ ਨਵਾਂ ਨੇਮ ਮਸੀਹ ਦੀ ਮੌਤ ਤੋਂ ਪਹਿਲਾਂ ਲਾਗੂ ਨਹੀਂ ਹੋ ਸਕਿਆ ਸੀ (ਇਬਰਾਨੀਆਂ 9:16, 17)। ਇਸ ਕਰਕੇ, ਮਸੀਹ ਦੀ ਮੌਤ ਤੋਂ ਪਹਿਲਾਂ ਕਲੀਸੀਆ ਦਾ ਵਜੂਦ ਨਹੀਂ ਹੋ ਸਕਦਾ ਸੀ।

ਪ੍ਰਭੂ ਯਿਸੂ ਦੀ ਮੌਤ, ਜੀ ਉੱਠਣ, ਉੱਪਰ ਉਠਾਏ ਜਾਣ ਦੇ ਬਾਅਦ ਰਸੂਲਾਂ ਦੇ ਕੰਮ 2 ਵਿਚ ਅਸੀਂ ਅੱਗੇ ਕਲੀਸੀਆ ਬਾਰੇ ਪੜ੍ਹਦੇ ਹਾਂ। ਇਸ ਅਧਿਆਇ ਨੂੰ ਗ਼ੌਰ ਨਾਲ ਪੜ੍ਹਨ 'ਤੇ ਪਤਾ ਲਗਦਾ ਹੈ ਕਿ ਉੱਥੇ ਹੋਣ ਵਾਲੀਆਂ ਘਟਨਾਵਾਂ ਦੇ ਸਬੂਤ ਵਜੋਂ ਉਸ ਦਿਨ ਕਲੀਸੀਆ ਕਾਇਮ ਹੋਈ ਸੀ। ਉਸ ਦਿਨ ਪਹਿਲੀ ਵਾਰ ਇੰਜੀਲ ਸੁਣਾਈ ਗਈ ਸੀ। ਲੋਕਾਂ ਨੂੰ ਦੱਸਿਆ ਗਿਆ ਸੀ ਕਿ ਬਚਾਏ ਜਾਣ ਲਈ ਕੀ ਕਰਨਾ ਹੈ (ਰਸੂਲਾਂ ਦੇ ਕੰਮ 2:38)। ਉਸ ਦਿਨ ਤਿੰਨ ਹਜ਼ਾਰ ਲੋਕ ਉਨ੍ਹਾਂ ਵਿਚ ਮਿਲਾਏ ਗਏ ਸਨ (ਆਇਤ 41) ਅਤੇ ਉਹਦੇ ਬਾਅਦ ਬਚਾਏ ਜਾਣ ਵਾਲਿਆਂ ਨੂੰ ਹਰ ਰੋਜ਼ ਕਲੀਸੀਆ ਵਿਚ ਮਿਲਾਇਆ ਜਾਂਦਾ ਸੀ (ਆਇਤ 47)।

ਇਹਦੇ ਬਾਅਦ ਕਲੀਸੀਆ ਦੇ ਆਉਣ ਦੀ ਨਬੂਵਤ ਕਦੇ ਨਹੀਂ ਹੋਈ, ਸਗੋਂ ਇਹਦੀ ਹੋਂਦ ਨੂੰ ਮੰਨਿਆ ਗਿਆ। ਯਸਾਯਾਹ ਨੇ ਨਬੂਵਤ ਕੀਤੀ ਸੀ ਕਿ ਇਹ ''ਅੰਤ ਦੇ ਦਿਨਾਂ'' ਵਿਚ ਕਾਇਮ ਹੋਵੇਗੀ ਅਤੇ ਪੈਂਟੀਕਾਸਟ ਵਾਲੇ ਦਿਨ ਆਪਣੇ ਉਪਦੇਸ਼ ਵਿਚ ਪਤਰਸ ਨੇ ਐਲਾਨ ਕੀਤਾ ਸੀ ਕਿ ਉਸ ਦਿਨ ਦੀਆਂ ਘਟਨਾਵਾਂ ਯੋਏਲ ਦੀ ਉਸ ਨਬੂਵਤ ਦਾ ਪੂਰਾ ਹੋਣਾ ਹੀ ਸਨ (ਆਇਤ 16), ਜਿਹਦੇ ''ਅੰਤ ਦੇ ਦਿਨਾਂ'' ਵਿਚ ਹੋਣ ਦੀ ਨਬੂਵਤ ਯੋਏਲ ਨੇ ਕੀਤੀ ਸੀ (ਆਇਤ 17)। ਕਲੀਸੀਆ ਅੰਤ ਦੇ ਦਿਨਾਂ ਵਿਚ ਬਣੀ ਸੀ, ਅਤੇ ਅਸੀਂ ਹੁਣ ਵੀ ''ਅੰਤ ਦੇ ਦਿਨਾਂ'' ਭਾਵ ਸਮੇਂ ਦੇ ਆਖਰੀ ਕਾਲ ਵਿਚ ਰਹਿ ਰਹੇ ਹਾਂ। ਫਿਰ ਯੋਏਲ ਮੁਤਾਬਕ, ਯਹੋਵਾਹ ਦੇ ਭਵਨ ਵਿਚ ਸਭ ਕੌਮਾਂ ਨੇ ਆਉਣਾ ਸੀ। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਕਿਹਾ ਕਿ ਇਹ ਵਾਅਦਾ ਯਹੂਦੀਆਂ ਨਾਲ, ਜਿਨ੍ਹਾਂ ਨਾਲ ਉਹ ਗੱਲ ਕਰ ਰਿਹਾ ਸੀ ਅਤੇ ''ਸਭ ਦੂਰ-ਦੂਰ ਦੇ ਲੋਕਾਂ ਲਈ'' ਸੀ (ਆਇਤ 39)। ਕਲੀਸੀਆ ਵਿਚ ਸਭ ਕੌਮਾਂ ਨੂੰ ਖ਼ੁਦਾ ਦੇ ਨਾਲ ਮਿਲਾਇਆ ਜਾਂਦਾ ਹੈ (ਅਫ਼ਸੀਆਂ 2:14-16)।

## ਰਾਜ ਦੀ ਸ਼ੁਰੂਆਤ

ਆਓ ਉਨ੍ਹਾਂ ਆਇਤਾਂ 'ਤੇ ਗ਼ੌਰ ਕਰੀਏ ਜਿਨ੍ਹਾਂ ਵਿਚ ਰਾਜ ਦੀ ਗੱਲ ਹੈ।

1. ਦਾਨੀਏਲ 2:44 ਵਿਚ ਅਸੀਂ ਪੜ੍ਹਦੇ ਹਾਂ ਕਿ ਰੋਮੀ ਰਾਜਿਆਂ ਦੇ ਦਿਨਾਂ ਵਿਚ ਰਾਜ ਕਾਇਮ ਹੋਇਆ ਸੀ।

2. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਐਲਾਨ ਸੀ ਕਿ ਰਾਜ ''ਨੇੜੇ'' ਹੈ (ਮੱਤੀ 3:2)।

3. ਆਪਣੀ ਨਿੱਜੀ ਸੇਵਕਾਈ ਦੌਰਾਨ ਯਿਸੂ ਨੇ ਕਿਹਾ ਸੀ ਖ਼ੁਦਾ ਦਾ ਰਾਜ ''ਨੇੜੇ'' ਹੈ (ਮਰਕੁਸ 1:15; ਵੇਖੋ ਮੱਤੀ 10:5-7; ਲੂਕਾ 10:9)।

4. ਮਸੀਹ ਦੇ ਜੀ ਉੱਠਣ ਦੇ ਬਾਅਦ, ਚੇਲਿਆਂ ਨੇ ਉਸ ਤੋਂ ਰਾਜ ਬਾਰੇ ਹੋਰ ਗੱਲਾਂ ਪੁੱਛੀਆਂ। ਉਹਨੇ ਵਾਅਦਾ ਕੀਤਾ ਕਿ ''ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ'' (ਰਸੂਲਾਂ ਦੇ ਕੰਮ 1:8)। ਇਸ ਤੋਂ ਸਾਡੇ ਦਿਮਾਗ਼ 'ਚ ਇਕ ਹੋਰ ਵਾਅਦਾ ਆਉਂਦਾ ਹੈ ਜੋ ਉਹਨੇ ਪਹਿਲਾਂ ਕੀਤਾ ਸੀ ਕਿ ''ਮੈਂ ਤੁਹਾਨੂੰ ਸੱਚ ਆਖਦਾ ਹਾਂ, ਕਿ ਜਿਹੜੇ ਐਥੇ ਖੜੇ ਹਨ, ਉਨ੍ਹਾਂ ਵਿਚ ਕੋਈ ਕੋਈ ਅਜਿਹੇ ਹਨ ਕਿ ਜਦ ਤਕ ਖ਼ੁਦਾ ਦੇ ਰਾਜ ਨੂੰ ਸਮਰੱਥਾ ਸਹਿਤ ਆਇਆ ਹੋਇਆ ਨਾ ਵੇਖ ਲੈਣ, ਤਦ ਤਕ ਮੌਤ ਦਾ ਸੁਆਦ ਕਦੇ ਨਾ ਚੱਖਣਗੇ'' (ਮਰਕੁਸ 9:1)।

5. ਫ਼ੇਰ ਅਸੀਂ ਰਸੂਲਾਂ ਦੇ ਕੰਮ 2 ਵਿਚ ਉਸ ਦਿਨ 'ਤੇ ਆ ਜਾਂਦੇ ਹਾਂ ਜਦੋਂ ਆਤਮਾ

ਉੱਤਰਿਆ ਸੀ। ਆਤਮਾ ਮਿਲਣ ਨਾਲ ਰਸੂਲਾਂ 'ਤੇ ਸ਼ਕਤੀ ਉੱਤਰਨੀ ਸੀ (ਰਸੂਲਾਂ ਦੇ ਕੰਮ 1:8)। ਰਾਜ ਨੇ ਕੁਝ ਚੇਲਿਆਂ ਦੇ ਜਿਊਂਦੇ ਜੀ ਹੀ ਆ ਜਾਣਾ ਸੀ। ਹੋਰ ਵੀ ਵੱਡੀ ਗੱਲ, ਇਹਨੇ ਸਮਰੱਥਾ ਨਾਲ ਆਉਣਾ ਸੀ (ਮਰਕੁਸ 9:1)। ਇਸ ਲਈ, ਜਿਵੇਂ ਕਿ ਰਸੂਲਾਂ ਦੇ ਕੰਮ 2 ਵਿਚ ਲਿਖਿਆ ਹੈ, ਰਾਜ ਪੈਂਟੀਕਾਸਟ ਵਾਲੇ ਦਿਨ ਹੀ ਆਇਆ ਸੀ। ਇਸ ਦਿਨ ਦੀਆਂ ਸਭ ਘਟਨਾਵਾਂ ਰਾਜ ਦੇ ਕਾਇਮ ਹੋਣ ਨਾਲ ਜੁੜੀਆਂ ਨਬੂਵਤਾਂ ਨਾਲ ਮੇਲ ਖਾਂਦੀਆਂ ਹਨ।

## ਭਲਾ ਕਲੀਸੀਆ ਹੀ ਰਾਜ ਹੈ?

ਕਲੀਸੀਆ ਦੀ ਸ਼ੁਰੂਆਤ ਨਾਲ ਜੁੜੀਆਂ ਸਭ ਨਬੂਵਤਾਂ ਰਸੂਲਾਂ ਦੇ ਕੰਮ 2 ਵਿਚ ਪੈਂਟੀਕਾਸਟ ਵਾਲੇ ਦਿਨ ਆਪਣੇ ਉੱਚਤਮ ਟੀਚੇ ਨੂੰ ਹਾਸਿਲ ਕਰਦੀਆਂ ਹਨ। ਰਾਜ ਦੀ ਕਾਇਮੀ ਨਾਲ ਜੁੜੀਆਂ ਸਭ ਨਬੂਵਤਾਂ ਵਿਚ ਵੀ ਇਹ ਗੱਲ ਲਾਗੂ ਹੁੰਦੀ ਹੈ। ਇਸ ਕਰਕੇ ਸਾਨੂੰ ਇਕ ਫ਼ੈਸਲਾ ਲੈਣਾ ਪੈਂਦਾ ਹੈ। ਅਸੀਂ ਦੋ ਸੰਭਾਵੀ ਨਤੀਜਿਆਂ 'ਚੋਂ ਇਕ 'ਤੇ ਪਹੁੰਚਦੇ ਹਾਂ: ਜਾਂ ਤਾਂ ਉਸ ਦਿਨ ਦੋ ਸੰਸਥਾਂਵਾਂ ਬਣੀਆਂ ਸਨ ਜਾਂ ਇਹ ਨਬੂਵਤਾਂ ਇੱਕੋ ਹੀ ਸੰਸਥਾਨ ਦੀ ਗੱਲ ਕਰ ਰਹੀਆਂ ਸਨ। ਆਓ ਹੇਠਾਂ ਦਿੱਤੇ ਗਏ ਸਬੂਤਾਂ 'ਤੇ ਵਿਚਾਰ ਕਰਦੇ ਹਾਂ।

ਪਹਿਲਾ, ਕਲੀਸੀਆ ਅਤੇ ਰਾਜ ਵਿਚ ਲੋਕ ਉਹੀ ਹਨ। ਪ੍ਰਕਾਸ਼ ਦੀ ਪੋਥੀ 1:4-6 ਵਿਚ, ਯੂਹੰਨਾ ਨੇ ਅਸੀਆ ਦੀਆਂ ਸੱਤ ਕਲੀਸੀਆਵਾਂ ਨੂੰ ਸੰਬੋਧਨ ਕੀਤਾ। ਉਹਨੇ ਕਲੀਸੀਆ ਦੇ ਇਨ੍ਹਾਂ ਲੋਕਾਂ ਨੂੰ ਦੱਸਿਆ ਕਿ ਉਹ ਇਕ ਰਾਜ ਹਨ।

ਫਿਰ, ਇਬਰਾਨੀਆਂ 12 ਅਧਿਆਇ ਵਿਚ ਵੇਖਦੇ ਹਾਂ। ਆਇਤ 23 ਕਹਿੰਦੀ ਹੈ ਕਿ ਉਸ ਪੱਤਰੀ ਦੇ ਪਾਠਕ ਕਲੀਸੀਆ ਦੇ ਕੋਲ ਆਏ ਸਨ। ਆਇਤ 28 ਕਹਿੰਦੀ ਹੈ ਕਿ ਉਨ੍ਹਾਂ ਨੂੰ ਇਕ ਰਾਜ ਮਿਲਿਆ ਸੀ।

ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਯਿਸੂ ਕਲੀਸੀਆ ਦਾ ਸਿਰ ਅਤੇ ਰਾਜ ਦਾ ਰਾਜਾ ਹੈ। ਪਰ ਸਾਨੂੰ ਦੱਸਿਆ ਗਿਆ ਹੈ ਕਿ ਉਹਦੀ ਸਿਰਫ਼ ਇੱਕੋ ਹੀ ਦੇਹ ਹੈ (ਅਫ਼ਸੀਆਂ 4:4), ਇਸ ਕਰਕੇ ਰਾਜ ਅਤੇ ਕਲੀਸੀਆ ਇੱਕੋ ਹੀ ਹੋਣੇ ਚਾਹੀਦੇ ਹਨ ਨਹੀਂ ਤਾਂ ਦੋ ਦੇਹਾਂ ਹੋ ਜਾਣਗੀਆਂ।

ਯਿਸੂ ਨੇ ਨਬੂਵਤ ਕੀਤੀ ਸੀ ਕਿ ਉਹਦੀ ਮੇਜ਼ ਰਾਜ ਵਿਚ ਹੋਵੇਗੀ (ਲੂਕਾ 22:29, 30)। ਖ਼ਾਸ ਭੋਜ ਜਿਸ ਦੀ ਉਹਨੇ ਸਥਾਪਨਾ ਕੀਤੀ ਸੀ, ਬਾਅਦ ਵਿਚ ਚੇਲਿਆਂ ਵੱਲੋਂ ਖਾਧਾ ਗਿਆ ਜੋ ਕਿ ਕਲੀਸੀਆ ਵਿਚ ਸਨ (ਰਸੂਲਾਂ ਦੇ ਕੰਮ 20:7, 1 ਕੁਰਿੰਥੀਆਂ 11)। ਇਸ ਤੋਂ ਫੇਰ ਪਤਾ ਲਗਦਾ ਹੈ ਕਿ ਕਲੀਸੀਆ ਹੀ ਰਾਜ ਹੈ।

ਪ੍ਰਮੇਸ਼ਵਰ ਦੇ ਘਰਾਣੇ ਭਾਵ ਕਲੀਸੀਆ ਨੂੰ ਲਿਖਦਿਆਂ (1 ਪਤਰਸ 2:6; 4:17; 1 ਤਿਮੋਥਿਉਸ 3:15), ਪਤਰਸ ਨੇ ਉਸ ਘਰਾਣੇ ਦੇ ਲੋਕਾਂ ਨੂੰ ਦੱਸਿਆ ਕਿ ਉਹ ਨਵੇਂ ਸਿਰਿਓਂ ਪੈਦਾ ਹੋਏ ਹਨ (1 ਪਤਰਸ 1:23)। ਯੂਹੰਨਾ 3:3 ਵਿਖਾਉਂਦਾ ਹੈ ਕਿ ਰਾਜ ਵਿਚ ਆਉਣ ਲਈ ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ। ਫਿਰ ਤਾਂ, ਰਾਜ ਵਿਚ ਆਉਣ ਵਾਂਗ ਹੀ ਕਲੀਸੀਆ ਦੇ ਮੈਂਬਰ ਬਣਿਆ ਜਾਂਦਾ ਹੈ (ਰਸੂਲਾਂ ਦੇ ਕੰਮ 2:47)। ਹਰ ਪਾਪੀ ਲਈ ਬਚਾਏ ਜਾਣ ਵਾਸਤੇ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ ਜ਼ਰੂਰੀ ਹੈ (ਮਰਕੁਸ 16:16)। ਕਲੀਸੀਆ ਹੀ ਰਾਜ ਹੈ, ਇਸ ਕਰਕੇ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ ਪਾਣੀ ਅਤੇ ਆਤਮਾ ਤੋਂ ਜਨਮ ਲੈਣ ਵਾਂਗ ਹੀ ਹੈ (ਯੂਹੰਨਾ 3:5)।

## ਸਾਰ

ਕਲੀਸੀਆ ਹੀ ਰਾਜ ਹੈ। ''ਕਲੀਸੀਆ'' ਸ਼ਬਦ ਸੰਸਾਰ ਤੋਂ ਇਸ ਦੇ ਵੱਖ ਹੋਣ 'ਤੇ ਜ਼ੋਰ ਦਿੰਦਾ ਹੈ। ''ਰਾਜ'' ਜ਼ੋਰ ਦਿੰਦਾ ਹੈ ਕਿ ਇਹ ਪ੍ਰਭੂ ਯਿਸੂ ਮਸੀਹ ਵੱਲੋਂ ਚਲਾਈ ਜਾਣ ਵਾਲੀ ਅਤੇ ਉਹਦੇ ਹੁਕਮ ਨਾਲ ਚੱਲਣ ਲਈ ਸੱਦੇ ਹੋਏ ਲੋਕਾਂ ਦੀ ਜਮਾਤ ਹੈ। ਇਹ ਬਚਾਏ ਹੋਇਆਂ ਭਾਵ ਉਨ੍ਹਾਂ ਲੋਕਾਂ ਨਾਲ ਬਣਦੀ ਹੈ ਜਿਨ੍ਹਾਂ ਨੂੰ ਸੰਸਾਰ ਵਿੱਚੋਂ ਬੁਲਾਇਆ ਗਿਆ ਹੈ। ਇਹ ਲੋਕ ਇਸ ਦੇ ਸ਼ਹਿਰੀ ਹਨ। ਉਨ੍ਹਾਂ ਨੂੰ ਇਹਦੇ ਸ਼ਹਿਰੀ ਹੋਣ ਦੀਆਂ ਬਰਕਤਾਂ ਮਿਲਦੀਆਂ ਹਨ।

## ਜ਼ਿੰਦਾ ਪੱਤਰੀਆਂ ਬਣਨਾ

ਮਸੀਹੀ ਲੋਕ ਜ਼ਿੰਦਾ ਪੱਤਰੀਆਂ ਹਨ (2 ਕੁਰਿੰਥੀਆਂ 3:2)। ਲੋਕ ਸਾਨੂੰ ਪੜ੍ਹਦੇ ਹਨ। ਕਈ ਲੋਕ ਮਸੀਹੀ ਅਖਵਾਉਣ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ਦੇ ਇਲਾਵਾ ਧਾਰਮਿਕ ਖੇਤਰ ਵਿਚ ਕਿਸੇ ਹੋਰ ਗੱਲ ਨੂੰ ਨਹੀਂ ਪੜ੍ਹਦੇ। ਇਸ ਤੱਥ ਦੀ ਰੌਸ਼ਨੀ ਵਿਚ, ਇੱਥੇ ਕੁਝ ਵਿਚਾਰ ਧਿਆਨ ਦੇਣ ਯੋਗ ਹਨ।

***ਤੁਸੀਂ ਜ਼ਿੰਦਾ ਪੱਤਰੀ ਹੋ।*** ਤੁਸੀਂ ਮਸੀਹੀ ਹੋਵੋ ਜਾਂ ਨਾ ਹੋਵੋ, ਪਰ ਤੁਹਾਡੇ 'ਤੇ ਇਹ ਗੱਲ ਲਾਗੂ ਹੁੰਦੀ ਹੈ। ਜਦ ਲੋਕ ਤੁਹਾਨੂੰ ਵੇਖਦੇ ਹਨ ਤਾਂ ਉਨ੍ਹਾਂ ਨੂੰ ਇਕ ਸੁਨੇਹਾ ਮਿਲਦਾ ਹੈ। ਜੋ ਲੋਕ ਆਪਣੇ ਆਪ ਨੂੰ ਬੇਕਾਰ ਅਤੇ ਅਣਗੌਲਿਆ ਸਮਝਦੇ ਹਨ, ਜਿਨ੍ਹਾਂ ਨੂੰ ਲਗਦਾ ਹੈ ਕਿ ਉਹ ਪ੍ਰਭੂ ਲਈ ਕੁਝ ਨਹੀਂ ਕਰ ਸਕਦੇ, ਉਨ੍ਹਾਂ ਲਈ ਇਕ ਸਬਕ ਹੈ। ਹਰ ਕੋਈ ਦੂਜਿਆਂ ਉੱਤੇ ਆਪਣਾ ਅਸਰ ਛੱਡਦਾ ਹੈ।

***ਤੁਹਾਡਾ ਪ੍ਰਭਾਵ ਜਾਂ ਤਾਂ ਚੰਗਾ ਹੈ ਜਾਂ ਬੁਰਾ।*** ਜਦ ਲੋਕ ਤੁਹਾਨੂੰ ਵੇਖਦੇ ਹਨ ਤਾਂ ਉਨ੍ਹਾਂ ਨੂੰ ਚੰਗਾ ਜਾਂ ਬੁਰਾ ਪੈਗਾਮ ਪੜ੍ਹਨ ਨੂੰ ਮਿਲਦਾ ਹੈ; ਉਨ੍ਹਾਂ 'ਤੇ ਤੁਹਾਡਾ ਇਨ੍ਹਾਂ ਵਿੱਚੋਂ ਇਕ ਪ੍ਰਭਾਵ ਤਾਂ ਪੈਂਦਾ ਹੀ ਹੈ। ''ਜਿਹੜਾ ਮੇਰੇ ਨਾਲ ਨਹੀਂ, ਉਹ ਮੇਰੇ ਵਿਰੋਧ ਵਿਚ ਹੈ'' (ਮੱਤੀ 12:30)। ਯਿਸੂ ਨੇ ਐਲਾਨ ਕੀਤਾ ਸੀ। ਜਦ ਕਿਸੇ ਦਾ ਪ੍ਰਭਾਵ ਚੰਗਾ ਨਹੀਂ ਹੁੰਦਾ ਤਾਂ ਬੁਰਾ ਜ਼ਰੂਰ ਹੁੰਦਾ ਹੈ। ਭਲਾ ਕਲੀਸੀਆ ਲਈ ਤੁਹਾਡਾ ਪ੍ਰਭਾਵ ਜ਼ਬਰਦਸਤ ਹੈ?

***ਤੁਸੀਂ ਆਪਣਾ ਪ੍ਰਭਾਵ ਗੁਆ ਨਹੀਂ ਸਕਦੇ।*** ਹੋ ਸਕਦਾ ਹੈ ਕਿ ਤੁਹਾਡਾ ਚੰਗਾ ਪ੍ਰਭਾਵ ਨਾ ਰਹੇ, ਪਰ ਤੁਹਾਡਾ ਬੁਰਾ ਪ੍ਰਭਾਵ ਰਹਿ ਹੀ ਜਾਵੇਗਾ। ਕਿਤੇ ਵੀ ਕਿਉਂ ਨਾ ਚਲੇ ਜਾਓ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਤੁਹਾਡਾ ਪ੍ਰਭਾਵ ਰਹੇਗਾ ਹੀ। ਜੇ ਤੁਸੀਂ ਪ੍ਰਭਾਵ ਦੇਣ ਤੋਂ ਬਚਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਕੰਮ ਆਪਣੇ ਆਪ ਹੀ ਦੂਜਿਆਂ ਤੇ ਆਪਣਾ ਪ੍ਰਭਾਵ ਛੱਡ ਜਾਵੇਗਾ।